## ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

### ਦਫਤਰੀ ਹੁਕਮ

ਨੰ: 4ਐਮਈ 2-ਪੰ:-13/ 20929 ਮਿਤੀ, ਚੰਡੀਗੜ੍ਹ:- 26/12/13

ਇਸ ਦਫਤਰੀ ਹੁਕਮ ਰਾਹੀਂ ਹੇਠ ਲਿਖੇ ਸਹਾਇਕ ਲਾਈਬਰੇਰੀਅਨ ਕਰਮਚਾਰੀਆਂ ਦੀ ਤਰੱਕੀ ਬਤੌਰ ਸੀਨੀਅਰ ਲਾਈਬਰੇਰੀਅਨ ਤਨਖਾਹ ਸਕੇਲ ਰੁਪਏ 10300 – 34800 ਜਮਾ 3600 ਰੁਪਏ ਗਰੇਡ ਪੇ ਵਿਚ ਵਿਭਾਗ ਦੀ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੇ ਡਰਾਫਟ ਰੁਲਾਂ ਵਿਚ ਦਰਜ ਉਪਬੰਧਾਂ ਦੇ ਤਹਿਤ ਆਰਜੀ ਤੌਰ ਤੇ ਕੀਤੀ ਜਾਂਦੀ ਹੈ ਅਤੇ ਕਰਮਚਾਰੀ ਦੀ ਤਰੱਕੀ ਉਪਰੰਤ ਤੈਨਾਤੀ ਇਹਨਾਂ ਦੇ ਨਾਵਾਂ ਸਾਹਮਣੇ ਦਰਸਾਈ ਸੰਸਥਾਵਾਂ ਵਿਚ ਵਿਖੇ ਕੀਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ/ ਕਰਮਚਾਰਨ ਦਾ ਨਾਂ ਅਤੇ ਮੌਜੂਦਾ ਤੈਨਾਤੀ ਦੀ ਥਾਂ ਤੇ | ਤਰੱਕੀ ਉਪਰੰਤ ਤੈਨਾਤੀ ਦੀ ਥਾਂ | ਵਿਸੇਸ ਕਥਨ |
|---|---|---|---|
| 1 | ਸ੍ਰੀ ਮਤੀ ਵੀਨਾ ਕੁਮਾਰੀ ਪੁੱਤਰੀ ਸ੍ਰੀ ਮਦਨ ਲਾਲ, ਸਹਾਇਕ ਲਾਈਬਰੇਰੀਅਨ, ਗੁ. ਗੋ. ਸਿੰਘ ਮੈਡੀਕਲ ਕਾਲਜ, ਫਰੀਦਕੋਟ | ਸਰਕਾਰੀ ਮੈਡੀਕਲ ਕਾਲਜ, ਅਮ੍ਰਿਤਸਰ | |
| 2 | ਸ੍ਰੀ ਨਿਰਮਲ ਸਿੰਘ ਪੁੱਤਰ ਸ੍ਰੀ ਬਾਬੂ ਸਿੰਘ, ਸਹਾਇਕ ਲਾਈਬਰੇਰੀਅਨ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ( ਐਸ ਸੀ) | ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ | ਐਸ ਸੀ ਲਈ ਰਾਖਵੇਂ ਨੁਕਤੇ ਵਿਰੁੱਧ |

ਇਹ ਤਰੱਕੀ ਹੇਠ ਲਿਖੀ ਸਰਤਾਂ ਤੇ ਕੀਤੀ ਜਾਂਦੀ ਹੈ:

1. ਇਹ ਤਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀ ਹੈ, ਜੇਕਰ ਇਹਨਾਂ ਆਸਾਮੀਆਂ ਲਈ ਵਿਚਾਰੇ ਗਏ ਕਰਮਚਾਰੀਆਂ ਵਿਚੋਂ ਕੋਈ ਕਰਮਚਾਰੀ ਇਹਨਾਂ ਤੋਂ ਸੀਨੀਅਰ ਪਾਇਆ ਗਿਆ ਤਾਂ ਜੂਨੀਅਰ ਕਰਮਚਾਰੀ ਨੂੰ ਤੁੰਰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

2. ਜੇਕਰ ਬਾਦ ਵਿਚ ਕਿਸੇ ਸਟੇਜ ਤੇ ਇਹ ਪਾਇਆ ਗਿਆ ਕਿ ਕੋਈ ਵੀ ਕਰਮਚਾਰੀ ਇਸ ਆਸਾਮੀ ਲਈ ਲੌੜੀਦੀਂ ਵਿਦਿਅਕ ਯੋਗਤਾਵਾਂ ਜਾਂ ਤਜਰਬਾ ਪੁਰਾ ਨਹੀਂ ਕਰਦਾ ਹੈ ਤਾਂ ਉਸ ਕਰਮਚਾਰੀ ਨੂੰ ਤੁੰਰਤ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

3. ਇਹ ਤਰਕੀ ਕਾਰਨ ਨਵੀਂ ਆਸਾਮੀਂ ਤੇ ਹਾਜਰ ਹੋਣ ਕਾਰਣ ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮਾਂ ਤਸੱਲੀਬਖਸ ਤਰੀਕੇ ਨਾਲ ਪਾਰ ਕਰਨਾਂ ਪਵੇਗਾ, ਜੇਕਰ ਇਸ ਪਰਖ ਕਾਲ ਸਮੇਂ ਦੌਰਾਨ ਕਰਮਚਾਰੀ ਦਾ ਕੰਮ ਕਾਜ ਤਸਲੀਬਖਸ ਨਾ ਪਾਇਆ ਗਿਆ ਤਾਂ ਕਰਮਚਾਰੀ ਨੂੰ ਬਿਨਾਂ ਕੋਈ ਕਾਰਨ ਦਸੇ ਉਸਦੀ ਪਹਿਲੀ ਆਸਾਮੀ ਤੇ ਰਿਵਰਟ ਕਰ ਦਿਤਾ ਜਾਵੇਗਾ।

4. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ, 15 ਦਿਨਾਂ ਦੇ ਅੰਦਰ ਅੰਦਰ, ਦੇ ਅੰਦਰ-2 ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁਦਾਂ ਤਾਂ ਉਸ ਦੀ ਤਰਕੀ ਦੇ ਹੁਕਮ ਰੱਦ ਸਮਝੇ ਜਾਣਗੇ ਅਤੇ ਕਰਮਚਾਰੀ ਨੂੰ ਇਸ ਤਰਕੀ ਤੇ ਵਿਚਾਰਣ ਲਈ 2 ਸਾਲ ਦੇ ਸਮੇਂ ਲਈ ਡਿਬਾਰ ਕੀਤਾ ਜਾਵੇਗਾ।

5. ਕਰਮਚਾਰੀ ਨੂੰ ਤਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਤੋਂ ਪਹਿਲਾਂ ਉਕਤ ਸਰਤਾਂ ਦੀ ਸਹਿਮਤੀ ਬਾਰੇ ਤਸਦੀਕਸੁਦਾ ਹਲਫਿਆ ਬਿਆਨ ਲੈ ਲਿਆ ਜਾਵੇ ਅਤੇ ਇਹ ਹਲਫਿਆ ਬਿਆਨ ਕਰਮਚਾਰੀਆਂ ਦੀ ਹਾਜਰੀ ਰਿਪੋਟ, ਜੋ ਸੰਸਥਾ ਦੇ ਮੁਖੀ ਵਲੋਂ ਸਹੀ ਕੀਤੀ ਹੋਵੇ, ਦੇ ਨਾਲ ਇਸ ਦਫਤਰ ਨੂੰ ਭੇਜੇ ਜਾਣ।

6. ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜੇਕਰ ਇਹਨਾਂ ਕਰਮਚਾਰੀਆਂ ਦੀ ਤਰੱਕੀ ਬਤੌਰ ਸੀਨੀਅਰ ਲਾਈਬਰੇਰੀਅਨ ਨਹੀਂ ਕੀਤੀ ਜਾਂਦੀ ਤਾਂ ਉਹਨਾਂ ਨੇ ਸਹਾਇਕ ਲਾਈਬਰੇਰੀਅਨ ਦੀ ਪੁਰਾਣੀ ਆਸਾਮੀ ਤੇ ਹੀ ਕੰਮ ਕਰਨਾ ਸੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਚਲਦਾ ਪੰਨਾਂ...2/-

ਪਿੱਠ ਅੰ:ਨੰ:4ਐਮ.ਈ.2-ਪੰ:13/ ਮਿਤੀ ਚੰਡੀਗੜ੍ਹ:-

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜੀਆ ਜਾਂਦਾ ਹੈ। ਕਰਮਚਾਰੀਆਂ ਦੀ ਫਾਰਗੀ ਅਤੇ ਹਾਜਰੀ ਰਿਪੋਟਾਂ ਇਸ ਦਫਤਰ ਨੂੰ ਭੇਜਿਆਂ ਜਾਣ ਅਤੇ ਜੇਕਰ ਕਰਮਚਾਰੀ/ ਕਰਮਚਾਰਨ ਮਿੱਥੇ ਸਮੇਂ ਦੇ ਅੰਦਰ-2 ਹਾਜਰ ਨਹੀਂ ਹੁੰਦਾਂ ਤਾਂ ਇਹ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ:-

1. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
2. ਪ੍ਰਿੰਸੀਪਲ, ਗੁ. ਗੋ. ਸਿੰਘ ਮੈਡੀਕਲ ਕਾਲਜ, ਫਰੀਦਕੋਟ।
3. ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਪਟਿਆਲਾ।
4. ਸ੍ਰੀ ਮਤੀ ਵੀਨਾ ਕੁਮਾਰੀ ਪੁੱਤਰੀ ਸ੍ਰੀ ਮਦਨ ਲਾਲ, ਸਹਾਇਕ ਲਾਈਬਰੇਰੀਅਨ, ਗੁ. ਗੋ. ਸਿੰਘ ਮੈਡੀਕਲ ਕਾਲਜ, ਫਰੀਦਕੋਟ।
5. ਸ੍ਰੀ ਨਿਰਮਲ ਸਿੰਘ ਪੁੱਤਰ ਸ੍ਰੀ ਬਾਬੂ ਸਿੰਘ, ਸਹਾਇਕ ਲਾਈਬਰੇਰੀਅਨ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।